ਡਾਇਰੈਕਟਰ
ਤਕਨੀਕੀ ਸਿਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ,
ਚੰਡੀਗੜ੍ਹ

ਸੇਵਾ ਵਿਚ,

ਸਮੂਹ ਸੈਕਸ਼ਨਿੰਗ ਅਥਾਰਟੀਜ,
ਮੀਮੋ ਨੰ: 204 ਮਿਤੀ: 14-11-2013

ਵਿਸ਼ਾ:- ਸੈਕਸ਼ਨਿੰਗ ਅਥਾਰਟੀਜ ਦੇ ਪੱਧਰ ਤੇ ਵੈਬ ਪੋਰਟਲ ਤੇ ਅਪਲਾਈ ਕਰ ਚੁੱਕੇ ਵਿਦਿਆਰਥੀਆਂ ਵੱਲੋ ਅਪਲੈਕੈਸ਼ਨ ਦੀ ਸਲੋ ਪਰੋਸੈਸਿੰਗ ਸਬੰਧੀ।

ਇਹ ਦੇਖਣ ਵਿੱਚ ਆਇਆ ਹੈ ਕਿ ਵਿਦਿਆਰਥੀਆਂ ਵਲੋ ਕਾਫੀ ਸੰਖਿਆ ਵਿੱਚ ਵੈਬ ਪੋਰਟਲ ਤੇ ਅਪਲਾਈ ਕਰ ਦਿੱਤਾ ਗਿਆ ਹੈ ਪਰੰਤੂ ਸੰਸਥਾਵਾਂ ਵਲੋਂ ਉਹਨ੍ਹਾਂ ਦੀਆਂ ਐਪਲੀਕੇਸ਼ਨਾ ਸੈਕਸ਼ਨਿੰਗ ਅਥਾਰਟੀਜ ਨੂੰ ਬਹੁਤ ਘੱਟ ਮਾਤਰਾ ਵਿਚ ਭੇਜੀਆ ਗਈਆ ਹਨ। ਭਲਾਈ ਵਿਭਾਗ ਵਲੋ ਦਿੱਤੇ ਸ਼ਡਿਊਲ ਦੇ ਮੁਤਾਬਿਕ ਸੈਕਸ਼ਨਿੰਗ ਅਥਾਰਟੀਜ ਕੋਲ ਇਹਨ੍ਹਾਂ ਐਪਲੀਕੇਸ਼ਨਾ ਨੂੰ ਲਾਈਨ ਡਿਪਾਰਟਮੈਂਟ ਨੂੰ ਭੇਜਣ ਲਈ ਬਹੁਤ ਥੋੜਾ ਸਮਾਂ ਰਹਿ ਗਿਆ ਹੈ। ਇਸ ਲਈ ਆਪ ਜੀ ਨੂੰ ਹਦਾਇਤ ਕੀਤੀ ਜਾਦੀ ਹੈ ਕਿ ਆਪ ਜੀ ਨਾਲ ਸਬੰਧਤ ਸੰਸਥਾਵਾਂ ਤੋਂ ਐਪਲੀਕੇਸਨਾ ਦੀ ਪਰੋਸੈਸਿੰਗ ਉਹਨ੍ਹਾਂ ਨੂੰ ਨਿੱਜੀ ਪੱਧਰ ਤੇ ਬੁਲਾ ਕੇ ਸੈਕਸ਼ਨਿੰਗ ਅਥਾਰਟੀਜ ਤੱਕ ਤੁਰੰਤ ਕਰਨੀ ਯਕੀਨੀ ਬਣਾਈ ਜਾਵੇ, ਅਤੇ ਜਿਹੜੀਆਂ ਸੰਸਥਾਵਾਂ ਆਪ ਜੀ ਦੀਆਂ ਹਦਾਇਤਾ ਅਨੁਸਾਰ ਕਾਰਵਾਈ ਨਹੀ ਕਰ ਰਹਿਆ ਉਹਨ੍ਹਾਂ ਸੰਸਥਾਵਾਂ ਦੀ ਸੂਚੀ ਮੁੱਖ ਦਫਤਰ ਨੂੰ ਤੁਰੰਤ ਭੈਜੀ ਜਾਵੇ ਤਾਂ ਜ਼ੋ ਮਾਨਯੋਗ ਡਾਇਰੈਕਟਰ ਤਕਨੀਕੀ ਸਿਖਿਆ ਜੀ ਨੂੰ ਉਹਨ੍ਹਾਂ ਵਿਰੁਧ ਬਣਦੀ ਕਾਰਵਾਈ ਕਰਨ ਲਈ ਤਜਵੀਜ ਭੇਜੀ ਜਾ ਸਕੇ।

ਇੱਥੇ ਇਹ ਵੀ ਦੱਸਿਆ ਜਾਦਾ ਹੈ ਕਿ ਆਪ ਜੀ ਨੂੰ ਪਹਿਲਾ ਵੀ ਐਸੀ/ਓ.ਬੀ.ਸੀ ਵਿਦਿਆਰਥੀਆ ਦੀ ਮੋਨੀਟਰਿੰਗ ਦਾ ਆਨਲਾਈਨ ਸਟੇਟਸ ਮਿੱਤੀ 31.10.2013 ਤੱਕ ਮੰਗਿਆ ਗਿਆ ਸੀ, ਇਸ ਸਬੰਧੀ ਮਿਤੀ 15.11.13 ਤੱਕ ਉਸੇ ਪ੍ਰੋਫਾਰਮੇ ਤੇ ਐਕਸਲ ਫਾਰਮੈਟ ਵਿਚ ਤਾਜਾ ਸਟੇਟਸ ਕੁਆਰਡੀਨੇਟਰ (ਜੇ) ਦੇ ਨੋਟਿਸ ਬੋਰਡ ਤੇ ਮਿੱਤੀ 18.11.13 ਤੱਕ ਭੇਜਣਾ ਯਕੀਨੀ ਬਣਾਇਆ ਜਾਵੇ। ਕਿਉਜ਼ੋ ਅਪਲਾਈ ਕਰਨ ਦੀ ਆਖਰੀ ਮਿਤੀ 15.11.13 ਹੈ ਇਸ ਲਈ ਸਾਰੇ ਯੋਗ SC/OBC ਵਿਦਿਆਰਥੀਆਂ ਵਲੋਂ ਪੋਰਟਲ ਤੇ ਅਪਲਾਈ ਕਰਵਾਉਣਾ ਯਕੀਨੀ ਬਣਾਇਆ ਜਾਵੇ। ਨਹੀ ਤਾ ਨਰੋਲ ਜਿਮੇਵਾਰੀ ਆਪ ਜੀ ਦੀ ਹੋਵੇਗੀ।

ਹ:ਸ:
ਵਧੀਕ ਡਾਇਰੈਕਟਰ
ਵਾ:ਤਕਨੀਕੀ ਸਿਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ
ਪੰਜਾਬ ਚੰਡੀਗੜ੍ਹ

ਪਿੱਠ ਅੰਕਣ ਨੰ: 205 ਮਿੱਤੀ 14-11-2013

ਉਪਰੋਕਤ ਦਾ ਉਤਾਰਾ ਡਾਇਰੈਕਟਰ ਅਨੁਸੂਚਿਤ ਜਾਤੀਆਂ ਅਤੇ ਪਛੜੀਆ ਸ਼੍ਰੇਣੀਆ ਅਤੇ ਭਲਾਈ ਵਿਭਾਗ,ਪੰਜਾਬ ਐ.ਸੀ.ਓ. ਨੰ 128-29 ਸੈਕਟਰ-34 ਚੰਡੀਗੜ੍ਹ, ਨੂੰ ਸੂਚਨਾ ਅਤੇ ਲੋੜੀਦੀ ਕਾਰਵਾਈ ਹਿੱਤ ਭੇਜਿਆ ਜਾਦਾ ਹੈ।

ਹ:ਸ:
ਵਧੀਕ ਡਾਇਰੈਕਟਰ
ਵਾ:ਤਕਨੀਕੀ ਸਿਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ
ਪੰਜਾਬ ਚੰਡੀਗੜ੍ਹ

ਪਿੱਠ ਅੰਕਣ ਨੰ: 206 ਮਿੱਤੀ 14-11-2013

ਉਪਰੋਕਤ ਦਾ ਉਤਾਰਾ ਪ੍ਰੋਗਰਾਮਰ (ਮੁੱਖ ਦਫਤਰ)ਨੂੰ ਵਿਭਾਗ ਦੀ ਸਾਈਟ ਤੇ ਅਪਲੋਡ ਕਰਨ ਹਿੱਤ ਭੇਜਿਆ ਜਾਦਾ ਹੈ।

ਹ:ਸ:
ਵਧੀਕ ਡਾਇਰੈਕਟਰ
ਵਾ:ਤਕਨੀਕੀ ਸਿਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ
ਪੰਜਾਬ ਚੰਡੀਗੜ੍ਹ